

carerhelp

www.carerhelp.com.au

Punjabi | ਪੰਜਾਬੀ

# ਮੌਤ ਤੋਂ ਬਾਅਦ

ਹੇਠਾਂ ਇੱਕ ਗਾਈਡ ਹੈ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਸਦੀ ਮੌਤ ਤੋਂ ਤੁਰੰਤ ਬਾਅਦ ਕੀ ਕਰਨਾ ਹੈ।

- ਕਿਸੇ ਡਾਕਟਰ ਜਾਂ ਨਰਸ ਨੂੰ ਦੱਸੋ - ਜੇਕਰ ਤੁਸੀਂ ਘਰ ਵਿੱਚ ਹੋ, ਤਾਂ ਤੁਹਾਨੂੰ ਡਾਕਟਰ (ਮੁੱਖ ਡਾਕਟਰ ਜੋ ਵਿਅਕਤੀ ਦੀ ਦੇਖਭਾਲ ਕਰਨ ਵਿੱਚ ਸ਼ਾਮਲ ਸੀ ਜਾਂ ਤੁਹਾਡੇ ਪਰਿਵਾਰਕ ਡਾਕਟਰ ਨੂੰ) ਜਾਂ ਪੈਲੀਏਟਿਵ ਕੇਅਰ ਸੇਵਾ ਨੂੰ ਫ਼ੋਨ ਕਰਨ ਦੀ ਲੋੜ ਹੋਵੇਗੀ ਇਹ ਦੱਸਣ ਲਈ ਕਿ ਉਸ ਵਿਅਕਤੀ ਦੀ ਮੌਤ ਹੋ ਗਈ ਹੈ। ਮੌਤ ਸਰਟੀਫਿਕੇਟ ਲਈ ਡਾਕਟਰ ਨੂੰ ਮੌਤ ਦੀ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ। ਜੇ ਡਾਕਟਰ ਉਪਲਬਧ ਨਾ ਹੋਵੇ ਤਾਂ ਕਈ ਵਾਰ ਐਂਬੂਲੈਂਸ ਜਾਂ ਬੁਸ਼ ਨਰਸਿੰਗ ਸੇਵਾ ਨੂੰ ਬੁਲਾਇਆ ਜਾਵੇਗਾ। ਜੇਕਰ ਤੁਸੀਂ ਕਿਸੇ ਹਸਪਤਾਲ ਜਾਂ ਬਜ਼ੁਰਗਾਂ ਦੀ ਦੇਖਭਾਲ ਸਹੂਲਤ ਵਿੱਚ ਹੋ, ਤਾਂ ਕਿਸੇ ਸਟਾਫ਼ ਮੈਂਬਰ ਨੂੰ ਦੱਸੋ ਕਿ ਤੁਹਾਨੂੰ ਲੱਗਦਾ ਹੈ ਕਿ ਉਸ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ ਉਹ ਮੌਤ ਦੀ ਪੁਸ਼ਟੀ ਕਰਨ ਦੀ ਵਿਵਸਥਾ ਕਰਨਗੇ।
- ਉਸ ਵਿਅਕਤੀ ਦੇ ਮਰਨ ਤੋਂ ਥੋੜ੍ਹੀ ਦੇਰ ਬਾਅਦ ਰਸਮਾਂ ਸ਼ੁਰੂ ਹੋ ਸਕਦੀਆਂ ਹਨ (ਸੂਰਜ ਡੁੱਬਣ ਤੋਂ ਪਹਿਲਾਂ)
- ਸਰੀਰ ਨੂੰ ਨਹਾਉਣਾ ਜਾਂ ਗਿੱਲਾ ਕੱਪੜਾ ਫੇਰਨਾ ਅਤੇ ਨਵੇਂ ਕੱਪੜੇ ਪਾਉਣੇ - ਤੁਸੀਂ ਆਪਣੇ-ਆਪ ਸਰੀਰ ਨੂੰ ਨਵਾਉਣਾ ਜਾਂ ਗਿੱਲਾ ਕੱਪੜਾ ਫੇਰਨਾ ਪਸੰਦ ਕਰ ਸਕਦੇ ਹੋ, ਜਾਂ ਕਿਸੇ ਸਟਾਫ਼ ਮੈਂਬਰ ਜਾਂ (ਪੈਲੀਏਟਿਵ ਕੇਅਰ ਜਾਂ ਨਰਸਿੰਗ ਸੇਵਾ ਤੋਂ) ਨਰਸ ਨੂੰ ਆ ਕੇ ਤੁਹਾਡੀ ਮੱਦਦ ਕਰਨ ਲਈ ਕਹਿ ਸਕਦੇ ਹੋ।
- ਪਰਿਵਾਰ, ਦੋਸਤਾਂ ਜਾਂ ਧਾਰਮਿਕ ਆਗੂਆਂ ਨੂੰ ਸੂਚਿਤ ਕਰੋ – ਤੁਸੀਂ ਕੁੱਝ ਲੋਕਾਂ ਨੂੰ ਦੱਸਣਾ ਚਾਹ ਸਕਦੇ ਹੋ ਕਿ ਉਸ ਵਿਅਕਤੀ ਦੀ ਮੌਤ ਹੋ ਗਈ ਹੈ। ਤੁਸੀਂ ਇਹ ਕੰਮ ਪਰਿਵਾਰ ਦੇ ਕਿਸੇ ਮੈਂਬਰ ਨੂੰ ਦੇਣਾ ਵੀ ਪਸੰਦ ਕਰ ਸਕਦੇ ਹੋ ਤਾਂ ਜੋ ਉਹ ਤੁਹਾਡੇ ਲਈ ਇਹ ਕੰਮ ਕਰਨ।
- ਅੰਤਿਮ-ਸੰਸਕਾਰ ਕਰਨ ਵਾਲੀ ਕੰਪਨੀ ਨੂੰ ਫ਼ੋਨ ਕਰੋ * - ਅੰਤਿਮ ਸੰਸਕਾਰ ਕਰਨ ਵਾਲੀ ਕੰਪਨੀ ਲਾਸ਼ ਨੂੰ ਲੈ ਜਾਵੇਗੀ ਅਤੇ ਅੰਤਿਮ ਸੰਸਕਾਰ ਤੱਕ ਲਾਸ਼ ਦੀ ਦੇਖਭਾਲ ਕਰੇਗੀ। ਤੁਸੀਂ ਚੁਣ ਸਕਦੇ ਹੋ ਕਿ ਉਹ ਕਦੋਂ ਆਉਣ। ਅੰਤਿਮ-ਸੰਸਕਾਰ ਕਰਨ ਵਾਲੀ ਕੰਪਨੀ ਮੌਤ ਨੂੰ ਰਜਿਸਟਰ ਕਰਨ ਅਤੇ ਮੌਤ ਸਰਟੀਫਿਕੇਟ ਦਾ ਪ੍ਰਬੰਧ ਕਰਨ ਵਿੱਚ ਵੀ ਮੱਦਦ ਕਰੇਗੀ।
- ਅੰਤਿਮ-ਸੰਸਕਾਰ ਦੀ ਰਸਮ - ਸਰੀਰ ਦਾ ਦਾਹ-ਸਸਕਾਰ ਕਰਨ ਜਾਂ ਦਫ਼ਨਾਉਣ ਦੀ ਲੋੜ ਹੁੰਦੀ ਹੈ, ਹਾਲਾਂਕਿ ਅੰਤਿਮ-ਸੰਸਕਾਰ ਦੀ ਰਸਮ ਆਪਣੀ ਮਰਜ਼ੀ 'ਤੇ ਨਿਰਭਰ ਹੁੰਦੀ ਹੈ । ਉਪਲਬਧ ਵਿਕਲਪਾਂ 'ਤੇ ਚਰਚਾ ਕਰੋ ਅਤੇ ਧਿਆਨ ਰੱਖੋ ਕਿ ਲਾਗਤ ਵਿੱਚ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ।

ST VINCENT'S HOSPITAL MELBOURNE | Flinders University | Carers Australia

CarerHelp is funded by the Australian Government Department of Health and Aged Care

- ਮੌਤ ਦਾ ਸਰਟੀਫਿਕੇਟ - ਇੱਕ ਵਾਰ ਜਦੋਂ ਤੁਹਾਡੇ ਕੋਲ ਮੌਤ ਦਾ ਸਰਟੀਫਿਕੇਟ ਆ ਜਾਂਦਾ ਹੈ ਤਾਂ ਤੁਹਾਨੂੰ ਬੈਂਕਾਂ, ਸੁਪਰਐਨੁਏਸ਼ਨ, ਸੇਵਾਵਾਂ ਅਤੇ ਉਪਯੋਗਤਾ ਕੰਪਨੀਆਂ ਆਦਿ ਸਮੇਤ ਸਾਰੀਆਂ ਸੰਬੰਧਿਤ ਸੇਵਾਵਾਂ ਨੂੰ ਕਾਪੀਆਂ ਭੇਜਣ ਦੀ ਲੋੜ ਹੋਵੇਗੀ।
- ਉਸ ਵਿਅਕਤੀ ਦੀ ਜਾਇਦਾਦ ਨੂੰ ਅੰਤਿਮ ਰੂਪ ਦੇਣ ਲਈ ਪ੍ਰਕਿਰਿਆ ਸ਼ੁਰੂ ਕਰਨ ਲਈ ਉਸ ਵਿਅਕਤੀ ਦੀ ਆਖਰੀ ਵਸੀਅਤ ਅਤੇ ਕਰਾਰ ਵਿੱਚ ਸ਼ਾਮਲ ਵਕੀਲ ਨਾਲ ਸੰਪਰਕ ਕਰੋ।

* ਤੁਹਾਨੂੰ ਅੰਤਿਮ-ਸੰਸਕਾਰ ਕਰਨ ਵਾਲੀ ਕੰਪਨੀ ਨੂੰ ਸ਼ਾਮਲ ਕਰਨ ਦੀ ਲੋੜ ਨਹੀਂ ਹੈ, ਹਾਲਾਂਕਿ ਜੇਕਰ ਤੁਸੀਂ ਕਿਸੇ ਨੂੰ ਸ਼ਾਮਲ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਮੌਤ ਨੂੰ ਰਜਿਸਟਰ ਕਰਨ ਅਤੇ ਲਾਸ਼ ਨੂੰ ਰੱਖਣ ਅਤੇ ਨਿਪਟਾਉਣ ਨਾਲ ਸੰਬੰਧਿਤ ਆਪਣੇ ਰਾਜ ਦੀਆਂ ਕਾਨੂੰਨੀਤਾਵਾਂ ਦੀ ਪਾਲਣਾ ਕਰਨ ਦੀ ਲੋੜ ਹੈ।


CarerHelp is funded by the Australian Government Department of Health and Aged Care